بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜਲਸਾ ਸਲਾਨਾ ਦੇ ਸੇਵਾਦਾਰਾਂ ਅਤੇ ਮਹਿਮਾਨਾਂ ਨੂੰ ਨਸੀਹਤਾਂ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 28 ਜੁਲਾਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. اَلرَّحْمٰنِ الرَّحِيْمِ. مٰلِكِ يَوْمِ الدِّيْنِ. إِيَّاكَ نَعْبُدُ وَإِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ أَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ

ਅਜੱ ਰਬੱ ਦੀ ਅਪਾਰ ਕਿਰਪਾ ਨਾਲ ਜਮਾਅਤੇ ਅਹਮਦੀਆ ਯੂ.ਕੇ ਦਾ ਜਲਸਾ ਸਲਾਨਾ ਸ਼ੁਰੂ ਹੋ ਰਿਹਾ ਹੈ। ਖ਼ਿਲਾਫ਼ਤ ਦੀ ਹਜ਼ੂਰੀ ਵਿਚੱ ਇੱਥੇ ਜਲਸਾ ਸਲਾਨਾ ਹੁੰਦੇ ਹੋਏ ਹੁਣ ਚਾਰ ਦਹਾਈਆਂ (ਅਰਥਾਤ ਚਾਲੀ ਸਾਲਾਂ ਦੇ ਕਰੀਬ ਸਮਾਂ) ਲੰਘ ਗਈਆਂ ਹਨ। ਆਰੰਭ ਵਿਚੱ ਵੱਡੇ ਪ੍ਰਬੰਧ ਕਰਕੇ ਇੱਥੇ ਦੀ ਜਮਾਅਤ ਨੂੰ ਬਹੁਤ ਕੁਝੱ ਸਿਖਾਉਣਾ ਪਿਆ। ਜਿਸ ਲਈ ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅੱਰਾਬੇ ਰਹਿਮਾਹੁੱਲਾਹ ਨੇ ਆਪ ਵੀ ਬਹੁਤ ਧਿਆਨ ਦਿੱਤਾ ਅਤੇ ਰਬਵਹ ਤੋਂ ਵੀ ਲੋਕਾਂ ਨੂੰ ਇੱਥੇ ਸਦੱ ਕੇ ਕੰਮ ਸਿਖਾਇਆ। ਜਿਨਾਂ ਵਿਚੱ ਸ਼੍ਰੀਮਾਨ ਚੌਧਰੀ ਹਮੀਦੁੱਲਾਹ ਸਾਹਿਬ ਅਫ਼ਸਰ ਜਲਸਾ ਸਲਾਨਾ ਵੀ ਸਨ। ਉਹਨਾਂ ਨੇ ਬਹੁਤ ਮਦਦ ਕੀਤੀ। 1985 ਈ ਵਿਚੱ ਇੱਥੇ ਜਦੱ ਖ਼ਿਲਾਫ਼ਤ ਦੀ ਹਜ਼ੂਰੀ ਵਿਚੱ ਪਹਿਲਾ ਜਲਸਾ ਹੋਇਆ, ਭਾਵੇਂ ਕਿ ਉਸ ਤੋਂ ਪਹਿਲਾਂ 1984 ਈ ਵਿਚੱ ਵੀ ਜਲਸਾ ਹੋਇਆ ਸੀ। ਪਰ ਉਹ ਬਹੁਤ ਹੀ ਛੋਟਾ ਜਿਹਾ ਸੀ। 1985 ਈ ਵਿਚੱ ਖ਼ਬਰੇ 5000 ਲੋਕ ਸ਼ਾਮਿਲ ਹੋਏ ਸਨ। ਉਸ ਦੀ ਵੀ ਪ੍ਰਬੰਧਕਾਂ ਨੂੰ ਚਿੰਤਾ ਸੀ ਕਿ ਕਿਵੇਂ ਇਸ ਸਾਰੇ ਪ੍ਰਬੰਧ ਨੂੰ ਸਾਂਭਣਗੇ। ਹੁਣ ਤਾਂ ਜ਼ੈਲੀ ਤਨਜ਼ੀਮਾਂ (ਅੰਨਸਾਰੁਲਾੱਹ, ਖ਼ੁੱਦਾਮੁਲੱ ਅਹਮਦੀਆ ਆਦਿ) ਦੇ ਇਜਤਮਾ ਵਿਚੱ ਉਸ ਨਾਲੋਂ ਕਈ ਗੁਣਾਂ ਵਧੱ ਹਾਜ਼ਰੀ ਹੁੰਦੀ ਹੈ ਅਤੇ ਜ਼ੈਲੀ ਤਨਜ਼ੀਮਾਂ ਸੁਚਾਰੂ ਢੰਗ ਨਾਲ ਸਾਰੇ ਪ੍ਰਬੰਧ ਆਪ ਸਾਂਭ ਲੈਦੀਆਂ ਹਨ। ਇਸ ਹਿਸਾਬ ਨਾਲ ਹੁਣ ਯੂ.ਕੇ ਦੀ ਜਮਾਅਤ ਬਹੁਤ ਅਨੁਭਵੀ ਹੋ ਗਈ ਹੈ। ਫ਼ਿਰ ਵੀ ਕਿਉਂਕਿ ਤਿੰਨ ਚਾਰ ਸਾਲ ਬਾਦ ਪੂਰੇ ਵੱਡੇ ਜਲਸੇ ਦਾ ਮੁੜ ਪ੍ਰਬੰਧ ਕਰਨਾ ਹੈ। ਇਸ ਲਈ ਪ੍ਰਬੰਧਕ ਕੁਝੱ ਚਿੰਤਿਤ ਹਨ ਕਿ ਚਾਲੀ ਹਜ਼ਾਰ ਤੋਂ ਵਧੱ ਹਾਜ਼ਰੀ ਨੂੰ ਅਸੀਂ ਸੁਚਾਰੂ ਢੰਗ ਨਾਲ ਸਾਂਭ ਸਕਣਗੇ ਜਾਂ ਨਹੀਂ। ਪਰ ਰਬੱ ਦੀ ਕਿਰਪਾ ਨਾਲ ਮੈਂ ਉਮੀਦ ਰਖੱਦਾ ਹਾਂ ਕਿ ਇੱਥੇ ਦੇ ਸੇਵਾਦਾਰ ਸੁਚਾਰੂ ਢੰਗ ਨਾਲ ਸਭ ਪ੍ਰਬੰਧ ਸਾਂਭ ਲੈਣਗੇ।

ਪਿਛੱਲੀ ਐਤਵਾਰ, ਮੈਂ ਉਦੋਂ ਤਕੱ ਦੇ ਪ੍ਰਬੰਧ ਚੈਕ ਵੀ ਕੀਤੇ ਸਨ। ਰਬੱ ਦੀ ਕਿਰਪਾ ਨਾਲ ਹਰ ਵਿਭਾਗ ਵਿਚੱ ਮੈਂ ਸੇਵਾਦਾਰਾਂ ਨੂੰ ਤਿਆਰ ਬਰ ਤਿਆਰ ਅਤੇ ਕੰਮ ਦਾ ਅਨੁਭਵੀ ਪਾਇਆ। ਜੋ ਚਿੰਤਾਵਾਂ

ਉਸ ਸਮੇਂ ਸਨ । ਰਬੱ ਨੇ ਉਹਨਾਂ ਨੂੰ ਦੂਰ ਕਰ ਦਿੱਤਾ । ਰਬੱ ਸਾਡੀਆਂ ਇਹਨਾਂ ਚਿੰਤਾਵਾਂ ਨੂੰ ਸਦਾ ਦੂਰ ਕਰੇਗਾ । ਸ਼ਰਤ ਇਹ ਹੈ ਕਿ ਅਸੀਂ ਉਸ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨ ਵਾਲੇ ਹੋਣ । ਸਾਡੇ ਕੰਮ, ਸਾਡੀ ਕਿਸੇ ਸਿਆਣਪ ਜਾਂ ਅਨੁਭਵ ਕਰਕੇ ਨੇਪਰੇ ਨਹੀਂ ਚੜ੍ਹਦੇ । ਸਗੋਂ ਕੇਵਲ ਰਬੱ ਦੀ ਕਿਰਪਾ ਨਾਲ ਨੇਪਰੇ ਚੜ੍ਹਦੇ ਹਨ ।

ਪਿਛੱਲੇ ਖੁਤਬੇ ਵਿਚੱ ਵੀ ਮੈਂ ਸੇਵਾਦਾਰਾਂ ਨੂੰ ਇਸ ਪਾਸੇ ਧਿਆਨ ਦੇਣ ਨੂੰ ਕਿਹਾ ਸੀ ਕਿ ਮਿਹਨਤ, ਉੱਚੇ ਆਚਰਣ ਅਤੇ ਦੁਆਵਾਂ ਨਾਲ ਰਬੱ ਦੀ ਮਦਦ ਮੰਗਦੇ ਹੋਏ ਹਰ ਸੇਵਾਦਾਰ ਅਤੇ ਹਰ ਪ੍ਰਬੰਧਕ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ । ਮੁੜ ਮੈਂ ਸੇਵਾਦਾਰਾਂ ਨੂੰ ਕਹਿੰਦਾ ਹਾਂ ਕਿ ਆਪ ਸਭ ਨੇ ਜਿਸ ਜਜ਼ਬੇ ਨਾਲ ਆਪਣੇ ਆਪ ਨੂੰ ਇਹਨਾਂ ਸੇਵਾਵਾਂ ਲਈ ਪੈਸ਼ ਕੀਤਾ ਹੈ । ਇਸ ਜਜ਼ਬੇ ਨੂੰ ਕਾਯਮ ਰਖੱਦੇ ਹੋਏ । ਜਿੰਨੇ ਦਿਨ ਵੀ ਡਿਉਟੀਆਂ ਹਨ । ਇਸ ਸੇਵਾ ਨੂੰ ਕਰਨ । ਇੰਝ ਹੀ ਇਸ ਗਲੱ ਨੂੰ ਵੀ ਧਿਆਨ ਵਿਚੱ ਰਖੱਣ ਕਿ ਡਿਉਟੀਆਂ ਦੇ ਨਾਲ ਨਾਲ ਅਸੀਂ ਰਬੱ ਦੀ ਇਬਾਦਤ ਦਾ ਵੀ ਹਕੱ ਅਦਾ ਕਰਨਾ ਹੈ । ਆਪਣੀਆਂ ਨਮਾਜ਼ਾਂ ਦਾ ਵੀ ਧਿਆਨ ਰਖੱਣਾ ਹੈ । ਆਪਣੇ ਆਚਰਣ ਨੂੰ ਪਾਕ ਬਣਾਉਣ ਦੀ ਕੋਸ਼ਿਸ਼ ਕਰਨੀ ਹੈ । ਇੰਝ ਅਜੱ ਮੈਂ ਕੁਝੱ ਗੱਲ੍ਹਾਂ ਜਲਸੇ ਉੱਤੇ ਆਏ ਮਹਿਮਾਨਾਂ ਨਾਲ ਵੀ ਸਾਂਝੀ ਕਰਾਂਗਾ ।

ਸਭ ਤੋਂ ਪਹਿਲੀ ਅਤੇ ਮਹਤਵੱਪੂਰਨ ਗਲੱ ਇਹ ਹੈ ਕਿ ਜਲਸੇ ਵਿਚੱ ਸ਼ਾਮਿਲ ਹੋਣ ਵਾਲੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਗਲੱ ਨੂੰ ਸਦਾ ਯਾਦ ਰਖੱਣ ਕਿ ਇਹ ਜਲਸਾ ਕੋਈ ਸੰਸਾਰਿਕ ਮੈਲਾ ਨਹੀਂ ਹੈ । ਇਸ ਜਲਸੇ ਵਿਚੱ ਸ਼ਾਮਿਲ ਹੋਣ ਦਾ ਸਾਡਾ ਇਕੱ ਉਦੇਸ਼ ਹੈ ਅਤੇ ਉਹ ਉਦੇਸ਼ ਇਹ ਹੈ ਕਿ ਅਸੀਂ ਆਪਣੀ ਇਲਮੀ, ਰੂਹਾਨੀ ਅਤੇ ਆਚਰਣਿਕ ਹਾਲਤਾਂ ਠੀਕ ਕਰਨ । ਰਬੱ ਅਤੇ ਉਸ ਦੇ ਰਸੂਲ ਸਲੱਲਾਹੋ ਅਲੈਹਿ ਵਸਲੱਮ ਨਾਲ ਪ੍ਰੇਮ ਪੈਦਾ ਕਰਨ । ਜਦੱ ਇਹਨਾਂ ਗੱਲ੍ਹਾਂ ਵਲੱ ਧਿਆਨ ਹੋਵੇਗਾ ਤਾਂ ਜਲਸੇ ਦੇ ਪ੍ਰਬੰਧਾਂ ਵਿਚੱ ਕੁਝੱ ਮਾਮੂਲੀ ਕਮੀਆ ਵਲੱ ਸਾਡਾ ਧਿਆਨ ਨਹੀਂ ਜਾਵੇਗਾ ।

ਜਲਸੇ ਵਿਚੱ ਸ਼ਾਮਿਲ ਹੋਣ ਵਾਲਾ ਹਰ ਇਕੱ ਵਿਅਕਤੀ ਇਸ ਗਲੱ ਨੂੰ ਯਕੀਨੀ ਬਣਾਏ ਕਿ ਜਲਸੇ ਦੌਰਾਨ ਬਾਹਰ ਘੁੰਮਣ ਦੀ ਥਾਂ ਜਲਸੇ ਦੀ ਕਾਰਵਾਈ ਵਿਚੱ ਸ਼ਾਮਿਲ ਹੋਣ ਅਤੇ ਪੂਰੇ ਧਿਆਨ ਨਾਲ ਜਲਸੇ ਦੀ ਕਾਰਵਾਈ ਨੂੰ ਸੁਣਨ । ਕਾਰਵਾਈ ਵਿਚੱਕਾਰ ਅੰਤਰਾਲ ਵਿਚੱ ਵੀ ਜੋ ਸਮਾਂ ਮਿਲੇ । ਉਸ ਨੂੰ ਸੁਚਾਰੂ ਢੰਗ ਨਾਲ ਵਰਤਣ । ਬਜ਼ਾਰਾਂ ਵਿਚੱ ਸ਼ਾਪਿੰਗ ਕਰਨ ਲਈ ਨ ਘੁੰਮਣ । ਸਗੋਂ ਜੋ ਕਿਤਾਬਾਂ ਦੇ ਸਟਾਲ ਹਨ, ਉਹਨਾਂ ਵਿਚੱ ਜਾਣ । ਕੇਂਦਰੀ ਵਿਭਾਗ ਆਦਿ ਦੀ ਜੋ ਨੁਮਾਇਸ਼ਾਂ ਹਨ, ਉਹਨਾਂ ਨੂੰ ਵੇਖਣ ਅਤੇ ਆਪਣਾ ਦੀਨੀ ਅਤੇ ਤਾਰੀਖ਼ੀ ਗਿਆਨ ਵਧਾਉਣ । ਵਿਸ਼ਾਲ ਅਤੇ ਅਸਥਾਈ ਪ੍ਰਬੰਧਾਂ ਵਿਚੱ ਕਮੀਆਂ ਰਹਿ ਜਾਂਦੀਆਂ ਹਨ । ਇਸ ਲਈ ਉਹਨਾਂ ਵਲੱ ਧਿਆਨ ਦੇਣ ਦੀ ਲੋੜ ਨਹੀਂ ਹੈ । ਜਿਵੇਂ ਖਾਣੇ ਦਾ ਹੀ ਪ੍ਰਬੰਧ ਹੈ । ਜੇਕਰ ਸਮੇਂ ਉੱਤੇ ਖਾਣੇ ਲਈ ਨਹੀਂ ਪਹੁੰਚ ਸਕੇ ਤਾਂ ਜੋ ਮਿਲੇ ਉਹ ਖਾ ਲੈਣਾ ਚਾਹੀਦਾ ਹੈ । ਰੋਟੀ ਜੇਕਰ ਕੁਝੱ ਕੱਚੀ ਰਹਿ ਜਾਵੇ ਜਾਂ ਜਲੀ ਹੋਈ ਹੋਵੇ ਤਾਂ ਉਸ ਨੂੰ ਮਾੜੀ ਹਾਲਤ ਵਿਚੱ ਤਾਂ ਛਡਿੱਆ ਜਾ ਸਕਦਾ ਹੈ, ਨਹੀਂ ਤਾਂ ਖਾ ਲੈਣਾ ਚਾਹੀਦਾ ਹੈ । ਟ੍ਰੈਫ਼ਿਕ ਦੇ ਪ੍ਰਬੰਧਾਂ ਵਿਚੱ ਵੀ ਕੁਝੱ ਸ਼ਕਾਇਤਾਂ ਆ

ਜਾਂਦੀਆ ਹਨ। ਉਸ ਵਿਚੱ ਵੀ ਪ੍ਰਬੰਧਕਾਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਉੱਚੇ ਆਚਰਣ ਦਾ ਪ੍ਰਕਟਾਵਾ ਕਰਨਾ, ਇਕੱ ਦੂਜੇ ਨੂੰ ਮੁਸਕਰਾ ਕੇ ਮਿਲਣਾ, ਦੂਜੀਆਂ ਲਈ ਕੁਰਬਾਨੀਆਂ ਦਾ ਜਜ਼ਬਾ ਵਿਖਾਉਣਾ ਕੇਵਲ ਸੇਵਾਦਾਰਾਂ ਦਾ ਕੰਮ ਨਹੀਂ ਹੈ। ਸਗੋਂ ਮਹਿਮਾਨਾਂ ਨੂੰ ਵੀ ਖ਼ਾਸ ਤੌਰ ਉੱਤੇ ਉਸ ਦਾ ਪ੍ਰਕਟਾਵਾ ਕਰਨਾ ਚਾਹੀਦਾ ਹੈ। ਜੇਕਰ ਆਚਰਣ ਚੰਗਾ ਨਹੀਂ ਤਾਂ ਕੁਝੱ ਨਹੀਂ। ਮੈਂ ਪਿਛੱਲੀ ਵਾਰ ਇਕੱ ਹਦੀਸ ਦਾ ਹਵਾਲਾ ਦਿੱਤਾ ਸੀ ਕਿ ਮੁਸਕਰਾਉਣਾ ਵੀ ਈਮਾਨ ਦਾ ਹਿੱਸਾ ਹੈ, ਸਦਕਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕੋਈ ਸੱਚਾ ਮੋਮਿਨ ਨਹੀਂ ਹੋ ਸਕਦਾ ਜਦੱ ਤਕੱ ਉਸ ਦਾ ਦਿਲ ਨਰਮ ਨ ਹੋਵੇ। ਜਦੱ ਤਕੱ ਉਹ ਆਪਣੇ ਆਪ ਨੂੰ ਹਰ ਇਕੱ ਤੋਂ ਘਟੱ ਨ ਸਮਝੇ ਗਰੀਬਾਂ ਨਾਲ ਨਰਮ ਹੋ ਕੇ ਅਤੇ ਝੁਕੱ ਕੇ ਗਲੱ ਕਰਨਾ ਰੱਬੀ ਬੰਦਾ ਹੋਣ ਦਾ ਸੰਕੇਤ ਹੈ। ਬੁਰਾਈ ਦਾ ਭਲਾਈ ਨਾਲ ਉਤੱਰ ਦੇਣਾ ਮਾਣ ਦੇ ਨਿਸ਼ਾਨ ਹਨ ਅਤੇ ਗੁੱਸੇ ਨੂੰ ਖਾ ਲੈਣਾ ਅਤੇ ਕੌੜੀ ਗਲੱ ਨੂੰ ਪੀ ਜਾਣਾ ਵੱਡੀ ਬਹਾਦਰੀ ਹੈ।

ਜੇਕਰ ਇਹਨਾਂ ਤਿੰਨ ਦਿਨਾਂ ਵਿਚੱ ਅਸੀਂ ਇਹਨਾਂ ਗਲੱਾਂ ਉੱਤੇ ਅਮਲ ਕਰਾਂਗੇ ਤਾਂ ਕੁਝੱ ਨ ਕੁਝੱ ਆਦਤ ਸਾਨੂੰ ਪੈ ਜਾਵੇਗੀ ਅਤੇ ਬਾਕੀ ਦਿਨਾਂ ਵਿਚੱ ਵੀ, ਆਪਣੇ ਜੀਵਨ ਵਿਚੱ, ਅਸੀਂ ਇਹਨਾਂ ਗੱਲ੍ਹਾਂ ਉੱਤੇ ਅਮਲ ਕਰ ਸਕਣਗੇ। ਆਪਣੇ ਉਪੱਰ ਆਪਣੇ ਭਰਾ ਨੂੰ ਪਹਿਲ ਦੇਣਾ ਕੋਈ ਆਮ ਗਲੱ ਨਹੀਂ ਹੈ। ਇਸੇ ਲਈ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਸ ਦਾ ਸੰਬੰਧ ਵਿਸ਼ਵਾਸ ਨਾਲ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੇਕਰ ਕੋਈ ਮੇਰੇ ਨਾਲ ਸਖ਼ਤੀ ਨਾਲ ਬੋਲੇ ਅਤੇ ਮੈਂ ਵੀ ਉਸ ਨੂੰ ਉਸੇ ਤਰ੍ਹਾਂ ਉਤੱਰ ਦਿਆ ਤਾਂ ਮੇਰੀ ਹਾਲਤ ਉੱਤੇ ਅਫ਼ਸੋਸ ਹੈ। ਚਾਹੀਦਾ ਤਾਂ ਇਹ ਹੈ ਕਿ ਮੈਂ ਉਸ ਲਈ ਦੂਆ ਕਰਾਂ। ਸੋ, ਇਹ ਉਹ ਸਿਖਿੱਆਵਾਂ ਅਤੇ ਉਹ ਪਾਕ ਸਮਾਜ ਹੈ। ਜੋ ਇਸਲਾਮ ਕਾਯਮ ਕਰਨਾ ਚਾਹੁੰਦਾ ਹੈ।

ਦੂਜੀਆਂ ਦੀ ਬਿਮਾਰੀ ਦਾ ਇਲਾਜ ਉਦੋਂ ਹੋ ਸਕਦਾ ਹੈ। ਜਦੱ ਆਪ ਬਿਮਾਰੀ ਤੋਂ ਪਾਕ ਹੋਣ। ਹਰ ਕਿਸਮ ਦਾ ਹਓਮਾ ਕਢੱਣਾ ਪੈਣਾ। ਜੇਕਰ ਇਕੱ ਦੂਜੇ ਦੀਆਂ ਗਲਤੀਆਂ ਵਲੱ ਧਿਆਨ ਨ ਦੇਣ ਅਤੇ ਸਲਾਮਤੀ ਦੀ ਹਵਾ ਪੈਦਾ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਾਲੇ ਹੋਣਗੇ ਜਿਸ ਲਈ ਇੱਥੇ ਜਮ੍ਹਾਂ ਹੋਏ ਹਨ।

ਕਈ ਵਾਰ ਮਾਰ ਪੀਟ ਤਕੱ ਗਲੱ ਪਹੁੰਚ ਜਾਂਦੀ ਹੈ। ਸੋ, ਜੇਕਰ ਕੰਟਰੋਲ ਨਹੀਂ ਕਰ ਸਕਦੇ ਤਾਂ ਜਲਸੇ ਵਿਚੱ ਨ ਆਉਣ। ਪਾਰਕਿੰਗ ਵਾਲਿਆਂ ਨਾਲ ਸਹਿਯੋਗ ਕਰੋ। ਜੇਕਰ ਰਬੱ ਦੀ ਮਰਜ਼ੀ ਅਨੁਸਾਰ ਇਹਨਾਂ ਦਿਨ ਵਿਚੱ ਖ਼ੁਸ਼ੀ ਨਾਲ ਸਹਿ ਲੈਣ ਤਾਂ ਰਬੱ ਕਿਸੇ ਹੋਰ ਸਾਧਨ ਰਾਹੀਂ ਬਖ਼ਸ਼ਦਾ ਹੈ।

ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸਲਾਮ ਕਰਨ ਦਾ ਆਦੇਸ਼ ਦਿੱਤਾ। ਸਲਾਮ ਕੇਵਲ ਮੂੰਹੋਂ ਕਹਿ ਦੇਣਾ ਨਹੀਂ। ਮਨੁਖੱ ਜਦੱ ਦਿਲੋਂ ਸਲਾਮ ਕਹਿੰਦਾ ਹੈ ਤਾਂ ਫ਼ਿਰ ਸਲਾਮਤੀ ਪਹੁੰਚਾਉਣ ਦੀ ਕੋਸ਼ਿਸ਼

ਕਰਦਾ ਹੈ । ਉਸ ਦੇ ਦੁੱਖਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ । ਇਹਨਾਂ ਦਿਨਾਂ ਵਿਚੱ ਹਰ ਅਹਮਦੀ ਨੂੰ ਸਲਾਮਤੀ ਦਾ ਸੰਦੇਸ਼ ਦੇਣ, ਸਲਾਮ ਨੂੰ ਆਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਲੋਕ ਉਹਨਾਂ ਨੂੰ ਚੰਗੀ ਤਰ੍ਹਾਂ ਮਿਲ ਲੈਂਦੇ ਹਨ । ਜਿਨਾਂ ਤੋਂ ਲਾਭ ਪਹੁੰਚ ਰਿਹਾ ਹੋਵੇ ਜਾਂ ਉਹਨਾਂ ਨੂੰ ਵੀ ਜਿਨਾਂ ਨਾਲ ਕੋਈ ਸੰਬੰਧ ਹੋਵੇ । ਹਕੀਕੀ ਅਮਨ ਅਤੇ ਸਲਾਮਤੀ ਉਦੋਂ ਪੈਦਾ ਹੁੰਦੀ ਹੈ । ਜਦੱ ਦਿਲ ਸਾਫ਼ ਹੋਣ ਅਤੇ ਦਿਲ ਤੋਂ ਇਕੱ ਦੂਜੇ ਲਈ ਸਲਾਮਤੀ ਦੀ ਦੂਆ ਨਿਕਲੇ । ਜਲਸੇ ਦਾ ਮਾਹੋਲ ਸਲਾਮਤੀ ਦਾ ਮਾਹੋਲ ਬਣ ਜਾਵੇ । ਬੰਦੀਆਂ ਦੇ ਹੱਕਾਂ ਦੀ ਪੂਰਤੀ ਸਾਡੇ ਜੀਵਨ ਦਾ ਹਿੱਸਾ ਬਣ ਜਾਵੇ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜਲਸੇ ਦੀ ਕਾਰਵਾਈ ਚੁਪੱ ਕਰਕੇ ਅਤੇ ਧਿਆਨ ਨਾਲ ਸੁਣੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਗਲੱ ਨੂੰ ਪਸੰਦ ਨਹੀਂ ਕੀਤਾ ਕਿ ਕੁਝੱ ਦੇ ਭਾਸ਼ਣ ਸੁਣ ਲਏ ਜਾਂਦੇ ਹਨ ।  ਕੁਝੱ ਨਹੀਂ ਸੁਣੇ ਜਾਂਦੇ ।

ਜਲਸੇ ਦੇ ਦਿਨਾਂ ਵਿਚੱ ਜ਼ਿਕਰੇ ਇਲਾਹੀ ਅਤੇ ਦਰੂਦ ਸ਼ਰੀਫ਼ ਪੜ੍ਹਣ ਵਲੱ ਧਿਆਨ ਦੇਣ । ਅਜੱ ਕਲੱ ਤਾਂ ਉਂਝ ਵੀ ਮੁਹਰਮ ਦੇ ਦਿਨ ਚਲੱ ਰਹੇ ਹਨ । ਰਬੱ ਦਾ ਨਾਂ ਲੈ ਕੇ ਹੀ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਰੂਹਾਨੀ ਅਤੇ ਸ਼ਰੀਰੀ ਔਲਾਦ ਉੱਤੇ ਜ਼ੁਲਮ ਕੀਤਾ ਗਿਆ ਸੀ । ਹੁਣ ਇਹੀ ਜ਼ੁਲਮ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਰੂਹਾਨੀ ਔਲਾਦ ਅਤੇ ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪ ਅਲੈਹਿ ਸਲਾਮ ਦੀ ਜਮਾਅਤ ਉੱਤੇ ਕਰ ਰਹੇ ਹਨ । ਅਜੱ ਕਲੱ ਪਾਕਿਸਤਾਨ  ਵਿਚੱ ਬਹੁਤ ਔਖੇ ਹਾਲਾਤ ਹਨ ਅਤੇ ਕਹਿੰਦੇ ਹਨ ਕਿ ਰਸੂਲ ਸਲੱਲਾਹੋ ਅਲੈਹਿ ਵਸਲੱਮ ਨਾਲ ਪ੍ਰੇਮ ਦੇ ਨਾਂ ਉੱਤੇ ਕਰ ਰਹੇ ਹਨ । ਜਦੱ ਕਿ ਸਾਡੇ ਵਿਸ਼ਵਾਸ ਦੀ ਨੀਂਹ ਹੀ ਆਪ ਸਲੱਲਾਹੋ ਅਲੈਹਿ ਵਸਲੱਮ ਉੱਤੇ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਖ਼ਾਤਮੁੰਨਬੀਯੀਨ ਹੋਣ ਉੱਤੇ ਅਤੇ ਆਪ ਦੀ ਲੈ ਆਈ ਸ਼ਰੀਅਤ ਉੱਤੇ ਹੈ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਆਦੇਸ਼ਾਂ ਉੱਤੇ ਲੱਬੈਕ ਕਹਿੰਦੇ ਹੋਏ, ਅਸੀਂ ਮਸੀਹ ਮੌਊਦ ਨੂੰ ਮੰਨਿਆ ਹੈ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕਈ ਥਾਵਾਂ ਉੱਤੇ ਲਿਖਿੱਆ ਹੈ ਕਿ ਮੈਂ ਜੋ ਕੁਝੱ ਪਾਇਆ ਉਹ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਪ੍ਰੇਮ ਵਿਚੱ ਪਾਇਆ ।

ਜਲਸੇ ਦੇ ਹਵਾਲੇ ਨਾਲ ਹਜ਼ੂਰੇ ਅਨਵਰ ਨੇ ਖ਼ੁਤਬੇ ਦੇ ਅੰਤ ਉੱਤੇ ਫ਼ਰਮਾਇਆ ਕਿ ਜਲਸੇ ਵਿਚੱ ਔਰਤਾਂ ਸਿਆਣੇ ਬਚਿੱਆਂ ਨੂੰ ਸਮਝਾਉਣ ਕਿ ਉਹ ਕਾਰਵਾਈ ਸੁਣਨ । ਜੋ ਹਦਾਯਤਾਂ ਪ੍ਰੋਗਰਾਮ ਵਿਚੱ ਲਿਖਿੱਆ ਹਨ । ਉਹਨਾਂ ਉੱਤੇ ਅਮਲ ਕਰਨ । ਰਬੱ ਹਰ ਮੁਸੀਬਤ ਤੋਂ ਬਚਾਏ ਅਤੇ ਆਪਣੀ ਮਿਹਰ ਅਤੇ ਰਹਿਮ ਦੀ ਵਰਖਾ ਕਰਦੇ ਰਹੇ । ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ
اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰه
رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ
اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔